[redacted]

**ਪੰਜਾਬ ਸਰਕਾਰ**
**ਮਾਲ ਤੇ ਪੁਨਰਵਾਸ ਵਿਭਾਗ**
**(ਮੁਰੱਬਾਬੰਦੀ ਸ਼ਾਖਾ)**

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਵੀਜ਼ਨਲ ਕਮਿਸ਼ਨਰ।
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
3. ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ, ਪੰਜਾਬ, ਜਲੰਧਰ।

ਮੀਮੋ ਨੰ: 17/45/10-ਮ.ਬ-5/10967-94
ਚੰਡੀਗੜ, ਮਿਤੀ 5-9-12

ਵਿਸ਼ਾ: **C.R.M.No. 23125 of 2011 in C.R.M.No. 49549 of 2007; and C.W.P.Nos. 1973, 3536, 3537, 3538 and 3539 of 2010; and C.W.P.No. 23456 of 2011, 3389 of 2012 and 10796 of 2012.**

ਇਸ ਦਫਤਰ ਦੇ ਮੀਮੋ ਨੰਬਰ 17/45/10-ਮ.ਬ-5/6388-6410, ਮਿਤੀ 30-5-2012 ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਿਵਲ ਰਿਟ ਪਟੀਸ਼ਨ ਨੰਬਰ 1973, 3536-3539 ਸਾਲ 2010 ਦੀ ਸੁਣਵਾਈ ਦੌਰਾਨ ਦਿੱਤੇ ਆਦੇਸ਼ਾਂ ਅਨੁਸਾਰ ਹੇਠ ਲਿਖਿਆਂ ਹਦਾਇਤਾਂ ਕੀਤੀਆਂ ਗਈਆਂ ਸਨ:-

"ਮਾਨਯੋਗ ਅਦਾਲਤ ਦੇ ਆਦੇਸ਼ਾਂ ਦੇ ਸਨਮੁੱਖ ਅਗਲੇ ਹੁਕਮਾਂ ਤੱਕ ਗਰਾਮ ਪੰਚਾਇਤ ਦੀ ਮਲਕੀਅਤ ਦੀਆਂ ਜ਼ਮੀਨਾਂ ਅਤੇ ਸਾਂਝੇ ਕੰਮ ਲਈ ਰਾਖਵੀਆਂ ਕੀਤੀਆਂ ਜ਼ਮੀਨਾਂ, ਜੋ ਰੈਵਿਨਿਊ ਰਿਕਾਰਡ ਵਿੱਚ ਬਤੌਰ 'ਸ਼ਾਮਲਾਟ ਦੇਹ' ਜਾਂ 'ਜੁਮਲਾ ਮੁਸ਼ਤਰਕਾਤ ਮਾਲਕਾਨ' ਦੇ ਨਾਂ ਹੇਠ ਦਰਜ ਹਨ, ਜਾਂ ਕਿਸੇ ਵੇਲੇ ਦਰਜ ਸਨ, ਦੀ ਵਿਕਰੀ ਜਾਂ ਕਿਸੇ ਪ੍ਰਕਾਰ ਦੀ ਮਲਕੀਅਤ / ਹੱਕ ਦੀ ਤਬਦੀਲੀ ਸਬੰਧੀ ਵਸੀਕਿਆਂ ਨੂੰ ਰਜਿਸਟਰਡ ਨਾ ਕੀਤਾ ਜਾਵੇ। ਜੇਕਰ ਪਹਿਲੇ ਕੋਈ ਅਜਿਹੇ ਵਸੀਕੇ ਰਜਿਸਟਰਡ ਹੋਏ ਹਨ ਤਾਂ ਉਨ੍ਹਾਂ ਦੇ ਇੰਤਕਾਲ ਨਾ ਕੀਤੇ ਜਾਣ।"

2. ਬਾਅਦ ਵਿੱਚ ਮਾਨਯੋਗ ਹਾਈਕੋਰਟ ਵਲੋਂ ਮਿਤੀ 29-5-2012 ਨੂੰ ਵਿਸ਼ਾ ਅੰਕਿਤ ਸਾਰੇ ਕੇਸਾਂ ਵਿੱਚ ਇਕੱਠਾ ਫੈਸਲਾ ਕੀਤਾ ਗਿਆ। ਇਸ ਫੈਸਲੇ ਦੀ ਪਾਲਣਾ ਵਿੱਚ ਇਸ ਦਫਤਰ ਦੇ ਪੱਤਰ ਨੰ: 17/45/10-ਮ.ਬ-5/7896-7926, ਮਿਤੀ 22-6-2012 ਰਾਹੀਂ ਹੇਠ ਲਿਖੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ:-

(a) The Registrar of documents in the State of Punjab shall not entertain any document from now onwards for registeration nor

registered any document which proposes the sale, lease, transfer of any *shamlat land, Jumla Mushtarka Malkan Land, Nazool land* etc. and any other government land with whatever name it might be called. Necessary instruction in that regard be issued by the concerned department within one week.

(b) No dispute in respect of such lands as mentioned in para (a) shall be enteretain by the statutory authorities under the Punjab Village Common Land (Regulation) Act, 1961 and the East Punjab Holdings (Consolidation and Prevention of Fragmentation) Act, 1948. No civil court shall entertain any civil suit nor grant any interim order even in pending cases till further orders of this Court.

(c) No mutation shall be entered by the Revenue Officers from now onwards on the basis of sale deeds involving any such land as referred to in para (a) above.

3. ਪੰਜਾਬ ਸਰਕਾਰ ਵਲੋਂ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 29-5-2012 ਦੇ ਫੈਸਲੇ ਦੇ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਵਿੱਚ ਐਸ.ਐਲ.ਪੀ. ਨੰਬਰ 24518 ਆਫ 2012 ਦਾਇਰ ਕੀਤੀ ਗਈ ਸੀ, ਜਿਸ ਤੇ ਮਾਨਯੋਗ ਸੁਪਰੀਮ ਕੋਰਟ ਨੇ ਆਪਣੇ ਹੁਕਮ ਮਿਤੀ 31-8-2012 (ਕਾਪੀ ਨੱਥੀ) ਰਾਹੀਂ ਹੇਠ ਅਨੁਸਾਰ ਹਾਲ ਦੀ ਘੜੀ ਇਨ੍ਹਾਂ ਹਦਾਇਤਾਂ ਦੀ ਪਾਲਣਾ ਤੇ ਰੋਕ ਲਗਾ ਦਿੱਤੀ ਗਈ ਹੈ:-

> "Issue notice returnable within three weeks. In the meantime, the directions contained in paragraph 16 shall remain stayed."

4. ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਮਿਤੀ 31-8-2012 ਦੇ ਸਨਮੁੱਖ ਇਸ ਦਫਤਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਮਿਤੀ 30-5-2012 ਅਤੇ 22-6-2012 ਦੀ ਪਾਲਣਾਂ ਤੇ ਅਗਲੇ ਹੁਕਮਾਂ ਤੱਕ ਰੋਕ ਲਗਾਈ ਜਾਂਦੀ ਹੈ।

5. ਇਹ ਹਦਾਇਤਾਂ ਆਪ ਦੇ ਅਧੀਨ ਕੰਮ ਕਰ ਰਹੇ ਸਾਰੇ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦੀਆਂ ਜਾਣ।

ਅਧੀਨ ਸਕੱਤਰ, ਮਾਲ 5/9/12

ਪਿੱਠਅੰਕਣ ਨੰ: 17/45/10-ਮ.ਬ-5/ 10995-98 ਪ੨ ਚੰਡੀਗੜ੍ਹ, ਮਿਤੀ 5-9-12

ਇਸ ਦਾ ਇੱਕ ਉਤਾਰਾ ਸਮੇਤ ਸੁਪਰੀਮ ਕੋਰਟ ਦੇ ਮਿਤੀ 31-8-2012 ਦੇ ਆਦੇਸ਼ਾਂ ਦੇ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ।
2. ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ,ਪੰਜਾਬ।

26
182

3. ਪ੍ਰਮੁੱਖ ਸਕੱਤਰ, ਵਣ ਵਿਭਾਗ,ਪੰਜਾਬ।
4. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

ਅਧੀਨ ਸਕੱਤਰ, ਮਾਲ। 5/9/12

ਪਿੱਠਅੰਕਣ ਨੰ: 17/45/10-ਮ.ਬ-5/ 10999-11000 ਚੰਡੀਗੜ੍ਹ, ਮਿਤੀ 5-9-12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਸਕੱਤਰ/ਮੁੱਖ ਸਕੱਤਰ, ਪੰਜਾਬ, ਮੁੱਖ ਸਕੱਤਰ ਜੀ ਦੀ ਸੂਚਨਾ ਹਿਤ।
2. ਨਿੱਜੀ ਸਕੱਤਰ/ ਵਿ.ਕ.ਮਾਲ, ਪੰਜਾਬ, ਵਿੱਤੀ ਕਮਿਸ਼ਨਰ, ਮਾਲ ਜੀ ਦੀ ਸੂਚਨਾ ਹਿਤ।

ਅਧੀਨ ਸਕੱਤਰ, ਮਾਲ। 5/9/12

ਪਿਠੱਅੰਕਣ ਨੰ: 17/45/10-ਮ.ਬ-5/11000 ਏ ਚੰਡੀਗੜ੍ਹ, ਮਿਤੀ 5-9-12

ਉਪਰੋਕਤ ਦਾ ਇੱਕ ਉਤਾਰਾ ਐਡਵੋਕੇਟ ਜਨਰਲ, ਪੰਜਾਬ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਮਾਲ। 5/9/12